ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ

ਦਿੱਲੀ ਆਫਤ ਪ੍ਰਬੰਧਨ ਅਥਾਰਟੀ

ਫਾ.ਨੰ. 02/07/2020/ਐਸ.1/ਪਾਰਟ ਫਾਈਲ/182 ਮਿਤੀ: 20/05/2020

## ਹੁਕਮ

ਜਦੋਂ ਕਿ, ਦਿੱਲੀ ਆਫ਼ਤ ਪ੍ਰਬੰਧਨ ਅਥਾਰਟੀ (ਡੀ.ਡੀ.ਐਮ.ਏ.) ਸੰਤੁਸ਼ਟ ਹੈ ਕਿ ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ ਕੋਵਿਡ-19 ਮਹਾਮਾਰੀ ਦੀ ਲਾਗ ਕਾਰਨ ਚਿੰਤਿਤ ਹੈ ਜਿਸ ਨੂੰ ਵਿਸ਼ਵ ਸਿਹਤ ਸੰਗਠਨ ਵੱਲੋਂ ਪਹਿਲਾਂ ਹੀ ਆਲਮੀ ਮਹਾਮਾਰੀ ਘੋਸ਼ਿਤ ਕੀਤਾ ਜਾ ਚੁੱਕਾ ਹੈ ਅਤੇ ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ ਵਿਖੇ ਇਸ ਲਾਗ ਨੂੰ ਰੋਕਣ ਲਈ ਪ੍ਰਭਾਵੀ ਕਦਮ ਚੁੱਕਣ ਲਈ ਇਸ ਨੂੰ ਜ਼ਰੂਰੀ ਸਮਝਿਆ ਗਿਆ ਹੈ

ਅਤੇ ਜਦੋਂ ਕਿ, ਦਿੱਲੀ ਆਫਤ ਪ੍ਰਬੰਧਨ ਅਥਾਰਟੀ ਨੇ ਸਥਿਤੀ ਨਾਲ ਨਜਿੱਠਣ ਲਈ ਸਾਰੇ ਜ਼ਰੂਰੀ ਉਪਾਅ ਕਰਨ ਲਈ ਸਮੇਂ-ਸਮੇਂ ਤੇ ਸਾਰੇ ਅਧਿਕਾਰਿਆਂ ਨੂੰ ਵੱਖ-ਵੱਖ ਹੁਕਮ/ਨਿਰਦੇਸ਼ ਜਾਰੀ ਕੀਤੇ ਹਨ;

ਅਤੇ ਜਦੋਂ ਕਿ, ਦਿੱਲੀ ਆਫ਼ਤ ਪ੍ਰਬੰਧਨ ਅਥਾਰਟੀ (ਡੀ.ਡੀ.ਐਮ.ਏ.) ਨੇ ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਵੱਲੋਂ ਜਾਰੀ ਹੁਕਮਾਂ ਦੀ ਪਾਲਣਾ ਲਈ ਫਸੇ ਹੋਏ ਵਿਅਕਤੀਆਂ ਦੀ ਆਵਾਜਾਈ ਅਤੇ ਡਾਟਾਬੇਸ ਤਿਆਰ ਕਰਨ ਸੰਬੰਧੀ ਹੁਕਮ ਸੰਖਿਆ ਐਫ.2/07/2020/ਐਸ.1/122 ਮਿਤੀ 01/05/2020, ਹੁਕਮ ਸੰਖਿਆ ਐਫ.2/07/2020/ਐਸ.1/129 ਮਿਤੀ 03/05/2020 ਅਤੇ ਹੁਕਮ ਸੰਖਿਆ ਐਫ.2/07/2020/ਐਸ.1/132 ਮਿਤੀ 04/05/2020 ਜਾਰੀ ਕੀਤੇ ਹਨ।

ਅਤੇ ਜਦੋਂ ਕਿ ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਦੇ ਪੱਤਰ ਸੰਖਿਆ 40-10/2020-ਡੀ.ਐਮ.-1 (ਏ) ਮਿਤੀ 16/05/2020 (ਕਾਪੀ ਨੱਥੀ) ਦੁਆਰਾ ਸੂਚਿਤ ਕੀਤਾ ਗਿਆ ਹੈ ਕਿ ਰਾਸ਼ਟਰੀ ਆਫ਼ਤ ਪ੍ਰਬੰਧਨ ਅਥਾਰਟੀ (ਐਨ.ਡੀ.ਐਮ.ਏ.) ਨੇ ਮੌਜੂਦਾ ਐਨ.ਡੀ.ਐਮ.ਏ.-ਜੀ.ਆਈ.ਐਸ. ਪੋਰਟਲ ਨੈਸ਼ਨਲ ਮਾਈਗਰੈਂਟ ਇਨਫਰਮੇਸ਼ਨ ਸਿਸਟਮ (ਐਨ.ਐਮ.ਆਈ.ਐਸ.) ਨਾਂ ਦਾ ਆਨਲਾਈਨ ਡੈਸ਼ਬੋਰਡ ਤਿਆਰ ਕੀਤਾ ਹੈ ਜੋ ਪ੍ਰਵਾਸੀਆਂ ਦੇ ਆਵਾਗਮਨ ਅਤੇ ਫਸੇ ਮਜ਼ਦੂਰਾਂ ਨੂੰ ਇਕ ਰਾਜ ਤੋਂ ਦੂਜੇ ਰਾਜ ਵਿਚ ਆਸਾਨੀ ਨਾਲ ਆਉਣ-ਜਾਣ ਸੰਬੰਧੀ ਸੂਚਨਾ ਪ੍ਰਾਪਤ ਕਰਾਏਗਾ।

ਅਤੇ ਜਦੋਂ ਕਿ ਇਹ ਪੋਰਟਲ ਇਕ ਕੇਂਦਰੀ ਕੋਸ਼ ਕਾਇਮ ਕਰੇਗਾ ਅਤੇ ਭੇਜਣ ਦੇ ਨਾਲ-ਨਾਲ ਪ੍ਰਾਪਤ ਕਰਨ ਵਾਲੇ ਰਾਜਾਂ/ਜ਼ਿਲ੍ਹਿਆਂ ਨੂੰ ਆਨਲਾਈਨ ਫਾਰਮੈਟ ਵਿਚ ਨਿਰਵਿਘਨ ਆਪਣੀ ਮਨਜ਼ੂਰੀ ਦੇਣ ਅਤੇ ਪੁੱਛਣ ਵਿਚ ਮਦਦ ਕਰੇਗਾ ਅਤੇ ਮਿਤੀ 16/05/2020 ਦੇ ਉਪਰੋਕਤ ਡੀ.ਓ. ਪੱਤਰ ਨਾਲ ਅਨੁਲੱਗ ਐਨ.ਐਮ.ਆਈ.ਐਸ. ਦੇ ਸੰਖੇਪ ਨੋਟ ਅਨੁਸਾਰ ਰਾਜ/ਕੇਂਦਰ ਸ਼ਾਸਤ ਪ੍ਰਦੇਸ਼ ਨੈਸ਼ਨਲ ਮਾਈਗਰੈਂਟ ਇਨਫਰਮੇਸ਼ਨ ਸਿਸਟਮ ਦੇ ਨਿਰਵਿਘਨ ਕੰਮ ਲਈ ਹੇਠ ਲਿਖੀਆਂ ਗਤੀਵਿਧੀਆਂ ਨੂੰ ਅਪਣਾਉਣ :-

(ੳ) ਜ਼ਿਲ੍ਹਾ ਅਤੇ ਰਾਜ ਪੱਧਰ 'ਤੇ ਇਸ ਉਦੇਸ਼ ਲਈ ਨੋਡਲ ਅਫਸਰ ਦੀ ਪ੍ਰਤਿਨਿਯੁਕਤੀ

(ਅ) ਲੋੜੀਂਦੇ ਅੰਕੜਾ ਫੋਰਮੈਟ ਵਿਚ ਐਨ.ਐਮ.ਆਈ.ਐਸ. ਪੋਰਟਲ 'ਤੇ ਰਾਜਾਂ ਵੱਲੋਂ ਅੰਕੜਿਆਂ ਦੀ ਸੁਚਾਰੂ ਜਾਣਕਾਰੀ।

(ੲ) ਜਿਹਨਾਂ ਕੇਸਾਂ ਵਿਚ ਰਾਜਾਂ ਕੋਲ ਆਪਣਾ ਆਨਲਾਈਨ ਪਲੇਟਫਾਰਮ ਹੈ ਉਹ ਆਨਲਾਈਨ ਪੋਰਟਲ/ਏ.ਪੀ.ਆਈ ਰਾਹੀਂ ਅੰਕੜੇ ਸਾਂਝੇ ਕਰਨ।

ਇਸ ਲਈ ਆਫ਼ਤ ਪ੍ਰਬੰਧਨ ਐਕਟ 2005 ਦੀ ਧਾਰਾ 22 ਦੇ ਅੰਤਰਗਤ ਦਿੱਤੀਆਂ ਗਈਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ, ਦਿੱਲੀ ਸਰਕਾਰ ਦੇ ਡੀ.ਡੀ.ਐਮ.ਏ., ਰਾਜ ਕਾਰਜਕਾਰੀ ਕਮੇਟੀ ਦੇ ਚੇਅਰਪਰਸਨ ਦੀ ਹੈਸੀਅਤ ਵਿਚ ਨਿਮਨਹਸਤਾਖਰੀ ਹੇਠ ਲਿਖੇ ਨਿਰਦੇਸ਼ ਜਾਰੀ ਕਰਦਾ ਹੈ–

1. ਹੁਕਮ ਸੰਖਿਆ ਐਫ.2/07/2020/ਐਸ.ਆਈ./129 ਮਿਤੀ 03/05/2020, ਦੀ ਅੰਸ਼ਿਕ ਸ਼ੋਧ ਵਿਚ, ਫਸੇ ਹੋਏ ਪ੍ਰਵਾਸੀਆਂ ਦੀ ਰਜਿਸਟਰੇਸ਼ਨ ਅਤੇ ਸੂਚਨਾ https://epass.jantasamvad.org ਪੋਰਟਲ ਦੀ ਵਰਤੋਂ ਕਰਕੇ ਇਕੱਠੀ ਕੀਤੀ ਜਾਵੇ। ਜ਼ਿਲ੍ਹਾ ਵਾਰ ਅੰਕੜੇ ਅਤੇ ਸੂਚਨਾ, ਜ਼ਿਲ੍ਹਾ ਨੋਡਲ ਅਫਸਰ ਨੂੰ ਦਿੱਤੀ ਜਾਏਗੀ (ਕ੍ਰਮਵਾਰ ਜ਼ਿਲ੍ਹਿਆਂ ਦੇ ਏ.ਡੀ.ਐਮ. ਅਤੇ ਉਹਨਾਂ ਦੇ ਹਮਰੁਤਬਾ ਵਧੀਕ ਡੀ.ਸੀ.ਪੀ.–1)

2. ਕੇਂਦਰੀਕ੍ਰਿਤ ਵੈੱਬ ਆਧਾਰਿਤ ਅਰਜ਼ੀਆਂ 'ਤੇ ਹੁਣ ਤੱਕ ਇਕੱਠੀ ਕੀਤੀ ਗਈ ਸੂਚਨਾ ਤੁਰੰਤ ਰਾਜਾਂ ਦੇ ਨੋਡਲ ਅਫਸਰ ਨਾਲ ਸਾਂਝੀ ਕੀਤੀ ਜਾਏਗੀ ਤਾਂ ਕਿ ਪਹਿਲਾਂ ਤੋਂ ਹੀ ਰਜਿਸਟਰਡ ਫਸੇ ਹੋਏ ਪ੍ਰਵਾਸੀਆਂ ਦਾ ਆਵਾਗਮਨ ਸ਼ੁਰੂ ਕੀਤਾ ਜਾਵੇ ਅਤੇ ਉਹਨਾਂ ਨੂੰ ਪਹਿਲ ਦਿੱਤੀ ਜਾਵੇ। ਮਿਤੀ 03/05/2020 ਦੇ ਹੁਕਮ ਅਨੁਸਾਰ ਨਿਯੁਕਤ ਕੀਤੇ ਗਏ ਜ਼ਿਲ੍ਹਾ ਨੋਡਲ ਅਫ਼ਸਰ ਅਤੇ ਰਾਜ ਨੋਡਲ ਅਫ਼ਸਰ ਐਨ.ਐਮ.ਆਈ.ਐਸ ਦੇ ਉਦੇਸ਼ ਲਈ ਜ਼ਿਲ੍ਹਾ ਅਤੇ ਰਾਜ ਪੱਧਰ ਨੋਡਲ ਅਫ਼ਸਰ ਵੀ ਹੋਣਗੇ।

3. ਰਾਜ ਨੋਡਲ ਅਫ਼ਸਰ ਰਾਜ/ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਨੋਡਲ ਅਫਸਰਾਂ ਅਤੇ ਜ਼ਿਲ੍ਹਾ ਨੋਡਲ ਅਫ਼ਸਰਾਂ ਦੀ ਸਹਾਇਤਾ ਨਾਲ ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਦੇ ਪੱਤਰ ਸੰਖਿਆ 40–10/2020–ਡੀ.ਐਮ.1(ਏ) ਮਿਤੀ 16/05/2020 (ਕਾਪੀ ਨੱਥੀ ਹੈ) ਉਲਿਖਤ ਅਨੁਸਾਰ ਉਚਿੱਤ ਕਾਰਵਾਈ ਕਰਨਗੇ।

4. ਦਿੱਲੀ ਸਰਕਾਰ ਦੇ ਸਕੱਤਰ (ਆਈ.ਟੀ.) ਮਾਹਿਰ ਅਤੇ ਵਾਜਬ ਸੀਨੀਆਰਤਾ ਵਾਲੇ ਅਫ਼ਸਰ ਦੀ ਪ੍ਰਤਿਨਿਯੁਕਤੀ ਕਰੇ ਜੋ ਇਸ ਸੰਬੰਧ ਵਿਚ ਰਾਜ ਨੋਡਲ ਅਫਸਰਾਂ ਨੂੰ ਲੋੜੀਂਦੀ ਆਈ.ਟੀ. ਸਹਾਇਤਾ ਪ੍ਰਦਾਨ ਕਰਾਏ।

(ਵਿਜੇ ਦੇਵ)

ਮੁੱਖ ਸਕੱਤਰ, ਦਿੱਲੀ

ਪਾਲਣਾ ਹਿੱਤ ਕਾਪੀ :

1. ਪੁਲਿਸ ਕਮਿਸ਼ਨਰ, ਦਿੱਲੀ।
2. ਸ੍ਰੀ. ਪੀ.ਕੇ. ਗੁਪਤਾ, ਪ੍ਰਮੁੱਖ ਸਕੱਤਰ (ਸਮਾਜ ਭਲਾਈ), ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ
3. ਸ੍ਰੀ. ਮੁਕੇਸ਼ ਚੰਦਰ, ਸਪੈਸ਼ਲ ਕਮਿਸ਼ਨਰ, ਦਿੱਲੀ ਪੁਲਿਸ।
4. ਪ੍ਰਮੁੱਖ ਸਕੱਤਰ (ਰੇਵੇਨਿਯੂ)/ਡੀਵੀਜ਼ਨਲ ਕਮਿਸ਼ਨਰ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ

5. ਪ੍ਰਮੁੱਖ ਸਕੱਤਰ (ਸਿਹਤ ਅਤੇ ਪਰਿਵਾਰ ਭਲਾਈ), ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ

6. ਕਮਿਸ਼ਨਰ (ਟ੍ਰਾਂਸਪੋਰਟ), ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ

7. ਸਾਰੇ ਰਾਜ/ਕੇਂਦਰ ਸ਼ਾਸਤ ਪ੍ਰਦੇਸ਼ ਦੇ ਖ਼ਾਸ ਨੋਡਲ ਅਫ਼ਸਰ

8. ਸਕੱਤਰ (ਆਈ.ਟੀ.), ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

9. ਸੀ.ਈ.ਓ. ਡੀ.ਯੂ.ਐਸ.ਆਈ.ਬੀ., ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

10. ਮੈਨੇਜਿੰਗ ਡਾਇਰੈਕਟਰ, ਦਿੱਲੀ ਟ੍ਰਾਂਸਪੋਰਟ ਕਾਰਪੋਰੇਸ਼ਨ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

11. ਮੈਨੇਜਿੰਗ ਡਾਇਰੈਕਟਰ, ਡੀ.ਟੀ.ਟੀ.ਡੀ.ਸੀ., ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

12. ਦਿੱਲੀ ਦੇ ਸਾਰੇ ਜ਼ਿਲ੍ਹਾ ਮਜਿਸਟ੍ਰੇਟ।

13. ਸਾਰੇ ਜ਼ਿਲ੍ਹਾ ਡਿਪਟੀ ਪੁਲਿਸ ਕਮਿਸ਼ਨਰ, ਦਿੱਲੀ।

14. ਦਿੱਲੀ ਦੇ ਸਾਰੇ ਵਧੀਕ ਜ਼ਿਲ੍ਹਾ ਮਜਿਸਟ੍ਰੇਟ।

15. ਡਾਇਰੈਕਟਰ (ਡੀ.ਆਈ.ਪੀ.), ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

16. ਸ੍ਰੀ. ਗੋਪਾਲ ਮੋਹਨ, ਮੈਂਬਰ, ਡੀ.ਡੀ.ਸੀ., ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

17. ਸ੍ਰੀ ਸੰਦੀਪ ਜੈਨ, ਸਾਈਂਟਿਸਟ, ਐਨ.ਆਈ.ਸੀ., ਦਿੱਲੀ।

ਜਾਣਕਾਰੀ ਲਈ ਨਕਲ :

1. ਮਾਨਯੋਗ ਲੈਫਟੀਨੈਂਟ ਗਵਰਨਰ, ਦਿੱਲੀ ਦੇ ਪ੍ਰਮੁੱਖ ਸਕੱਤਰ।

2. ਮਾਣਯੋਗ ਮੁੱਖਮੰਤਰੀ, ਦੇ ਵਧੀਕ ਸਕੱਤਰ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

3. ਮਾਣਯੋਗ ਉਪ-ਮੁੱਖਮੰਤਰੀ ਦੇ ਸਕੱਤਰ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

4. ਮਾਣਯੋਗ ਰੇਵੇਨਿਯੂ ਮੰਤਰੀ ਦਿੱਲੀ ਦੇ ਸਕੱਤਰ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

5. ਮਾਣਯੋਗ ਸਿਹਤ ਮੰਤਰੀ ਦੇ ਸਕੱਤਰ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

6. ਮਾਣਯੋਗ ਕਿਰਤ ਮੰਤਰੀ ਦੇ ਸਕੱਤਰ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

7. ਮਾਣਯੋਗ ਸਮਾਜ ਭਲਾਈ ਮੰਤਰੀ ਦੇ ਸਕੱਤਰ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

8. ਮਾਣਯੋਗ ਭੋਜਨ ਅਤੇ ਸਪਲਾਈ ਮੰਤਰੀ ਦੇ ਸਕੱਤਰ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

9. ਵਧੀਕ ਮੁੱਖ ਸਕੱਤਰ, ਗ੍ਰਹਿ, ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

10. ਪ੍ਰਮੁੱਖ ਸਕੱਤਰ, (ਰੇਵੇਨਿਯੂ), ਰਾਸ਼ਟਰੀ ਰਾਜਧਾਨੀ ਖੇਤਰ, ਦਿੱਲੀ ਸਰਕਾਰ।

11. ਸਾਰੇ ਰਾਜ/ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਰੈਜ਼ੀਡੈਂਟ ਕਮਿਸ਼ਨਰ।

12. ਸਿਸਟਮ ਐਨੇਲਿਸਟ, ਡੀਵੀਜ਼ਨਲ ਕਮਿਸ਼ਨਰ ਦਾ ਦਫ਼ਤਰ, ਦਿੱਲੀ- ਦਿੱਲੀ ਸਰਕਾਰ ਦੀ ਵੈਬਸਾਈਟ ਦੇ ਅਪਲੋਡ ਕਰਨ ਲਈ।

13. ਗਾਰਡ ਫਾਈਲ।

ਅਜੇ ਭੱਲਾ

ਆਈ.ਏ.ਐਸ.

ਡੀ.ਓ. 40-10/2020-ਡੀ.ਐਮ.-1(ਏ) ਮਿਤੀ : 16/05/2020

ਪਿਆਰੇ ਮੁੱਖ ਸਕੱਤਰ,

ਜਿਵੇਂ ਕਿ ਤੁਸੀਂ ਜਾਣਦੇ ਹੀ ਹੋ, ਸਰਕਾਰ ਨੇ ਪ੍ਰਵਾਸੀ ਕਾਮਿਆਂ ਦੇ ਆਵਾਗਮਨ ਲਈ ਬੱਸਾਂ ਅਤੇ 'ਸ਼੍ਰਮਿਕ' ਵਿਸ਼ੇਸ਼ ਰੇਲ ਗੱਡੀਆਂ ਚਲਾਉਣ ਦੀ ਆਗਿਆ ਦਿੱਤੀ ਹੈ ਤਾਂ ਕਿ ਮਜ਼ਦੂਰ ਆਪਣੇ ਜੱਦੀ ਸਥਾਨਾਂ ਤੇ ਪਹੁੰਚ ਸਕਣ। ਪ੍ਰਵਾਸੀਆਂ ਦੇ ਅਤੇ ਰਾਜਾਂ ਵਿਚ ਫਸੇ ਵਿਅਕਤੀਆਂ ਦੇ ਸੁਚਾਰੂ ਆਵਾਗਮਨ ਸੰਬੰਧੀ ਸੂਚਨਾ ਪ੍ਰਾਪਤ ਕਰਨ ਲਈ ਰਾਸ਼ਟਰੀ ਆਫ਼ਤ ਪ੍ਰਬੰਧਨ ਅਥਾਰਟੀ (ਐਨ.ਡੀ.ਐਮ.ਏ.) ਨੇ ਮੌਜੂਦਾ ਐਨ.ਡੀ.ਐਮ.ਏ.-ਜੀ.ਆਈ.ਐਸ. ਪੋਰਟਲ 'ਤੇ ਨੈਸ਼ਨਲ ਮਾਈਗਰੇਂਟ ਇਨਫਰਮੇਸ਼ਨ ਸਿਸਟਮ (ਐਨ.ਐਮ.ਆਈ.ਐਸ.) ਨਾਮ ਦਾ ਆਨਲਾਈਨ ਡੈਸ਼ਬੋਰਡ ਤਿਆਰ ਕੀਤਾ ਹੈ।

2. ਪੋਰਟਲ ਇਕ ਕੇਂਦਰੀ ਕੋਸ਼ ਕਾਇਮ ਕਰੇਗਾ ਅਤੇ ਭੇਜਣ ਦੇ ਨਾਲ-ਨਾਲ ਪ੍ਰਾਪਤ ਕਰਨ ਵਾਲੇ ਰਾਜਾਂ/ਜ਼ਿਲ੍ਹਿਆਂ ਨੂੰ ਆਨਲਾਈਨ ਫਾਰਮੈਟ ਵਿਚ ਨਿਰਵਿਘਨ ਆਪਣੀ ਮਨਜ਼ੂਰੀ ਦੇਣ ਅਤੇ ਪੁੱਛਣ ਵਿਚ ਮਦਦ ਕਰੇਗਾ। ਇਹ ਸਿਸਟਮ ਖੇਤਰ ਵਿਚ ਕੰਮ ਕਰਨ ਵਾਲੇ ਅਧਿਕਾਰੀਆਂ 'ਤੇ ਬਿਨਾ ਵਾਧੂ ਬੋਝ ਪਾਏ ਰਾਜਾਂ ਵਿਚਕਾਰ ਬਣੀ ਤੇਜ਼ੀ ਨਾਲ ਸੰਚਾਰ ਕਰਨ ਵਿਚ ਮਦਦ ਕਰੇਗਾ। ਇਸਦੇ ਹੋਰ ਵੀ ਬਹੁਤ ਫਾਇਦੇ ਹਨ ਜਿਵੇਂ ਸੰਪਰਕ ਟਰੇਸ ਕਰਨਾ ਜੋ ਸਮੁੱਚੀ ਕੋਵਿਡ ਪ੍ਰਤਿਕਿਰਿਆ ਦੇ ਕੰਮ ਵਿਚ ਲਾਭਦਾਇਕ ਹੋ ਸਕਦਾ ਹੈ। ਐਨ.ਐਮ.ਆਈ.ਐਸ. 'ਤੇ ਸੰਖੇਪ ਨੋਟ ਨਾਲ ਨੱਥੀ ਹੈ। ਸਿਸਟਮ ਦੀਆਂ ਕੁਝ ਪ੍ਰਮੁੱਖ ਵਿਸ਼ੇਸ਼ਤਾਵਾਂ ਹੇਠ ਲਿਖੇ ਅਨੁਸਾਰ ਹਨ:-

- ਰਾਜ ਪੋਰਟਲ 'ਤੇ ਵਿਅਕਤੀਗਤ ਡਾਟਾ ਦੀ ਬੈਚ ਫਾਈਲ ਅਪਲੋਡ ਕਰ ਸਕਦੇ ਹਨ।
- ਜਿਹਨਾਂ ਰਾਜਾਂ ਨੇ ਪਹਿਲਾਂ ਹੀ ਪ੍ਰਵਾਸੀ ਡਾਟਾ ਇਕੱਠਾ ਕੀਤਾ ਹੋਇਆ ਹੈ ਇਸਨੂੰ ਐਪਲੀਕੇਸ਼ਨ ਪ੍ਰੋਗਰਾਮਿੰਗ ਇੰਟਰਫੇਸ (ਏ.ਪੀ.ਆਈ.) ਰਾਹੀਂ ਏਕੀਕ੍ਰਿਤ ਕੀਤਾ ਜਾ ਸਕਦਾ ਹੈ।
- ਪ੍ਰਵਾਸ ਕਰਨ ਵਾਲੇ ਵਿਅਕਤੀਆਂ ਨਾਲ ਸੰਬੰਧਿਤ ਕੁੰਜੀ ਡਾਟਾ ਨੂੰ ਅਪਲੋਡ ਕਰਨ ਲਈ ਮਾਨਕੀਕ੍ਰਿਤ ਕੀਤਾ ਗਿਆ ਹੈ ਜਿਵੇਂ ਨਾਮ, ਆਯੂ, ਮੋਬਾਇਲ ਨੰ. ਮੂਲ ਅਤੇ ਪਹੁੰਚ ਜ਼ਿਲ੍ਹਾ, ਯਾਤਰਾ ਦੀ ਮਿਤੀ ਆਦਿ ਜੋ ਕਿ ਰਾਜ ਪਹਿਲਾਂ ਹੀ ਇਕੱਤਰ ਕਰ ਰਹੇ ਹਨ।
- ਰਾਜ ਇਹ ਦੇਖਣਗੇ ਕਿ ਕਿੱਥੋਂ ਕਿੰਨੇ ਲੋਕ ਬਾਹਰ ਜਾ ਰਹੇ ਹਨ ਅਤੇ ਕਿੰਨੇ ਪਹੁੰਚ ਰਾਜਾਂ ਵਿਚ ਪਹੁੰਚ ਰਹੇ ਹਨ।
- ਲੋਕਾਂ ਦੇ ਮੋਬਾਈਲ ਨੂੰ ਕੋਵਿਡ-19 ਦੌਰਾਨ ਸੰਪਰਕ ਟਰੇਸ ਕਰਨ ਅਤੇ ਆਉਣ ਜਾਣ ਦੀ ਨਿਗਰਾਨੀ ਲਈ ਵਰਤੇ ਜਾ ਸਕਦੇ ਹਨ।
- ਹਰੇਕ ਪ੍ਰਵਾਸੀ ਲਈ ਯੂਨੀਕ ਆਈ.ਡੀ. ਤਿਆਰ ਕੀਤੀ ਗਈ ਹੈ ਜੋ ਸਾਰੀ ਤਰ੍ਹਾਂ ਦੇ ਲੈਣ-ਦੇਣ ਲਈ ਵਰਤੇ ਜਾ ਸਕਦੇ ਹਨ।
- ਭਾਰਤ ਸਰਕਾਰ ਦੇ ਨੋਡਲ ਮੰਤਰਾਲੇ ਵੀ ਇਸ ਪੋਰਟਲ ਜ਼ਰੀਏ ਪ੍ਰਵਾਸੀਆਂ ਦੇ ਆਵਾਗਮਨ ਦੀ ਨਿਗਰਾਨੀ ਕਰ ਸਕਦੇ ਹਨ।

3. ਮੈਂ ਬੇਨਤੀ ਕਰਦਾ ਹਾਂ ਪ੍ਰਵਾਸੀਆਂ ਦੇ ਆਵਾਗਮਨ ਸੂਚਨਾ ਪ੍ਰਾਪਤ ਕਰਨ ਅਤੇ ਬਿਹਤਰ ਅੰਤਰ-ਰਾਜੀ ਤਾਲਮੇਲ ਲਈ ਐਨ.ਐਮ.ਆਈ.ਐਸ. ਦੇ ਆਨਲਾਈਨ ਪੋਰਟਲ ਦੀ ਵਰਤੋਂ ਕਰੋ।

ਧੰਨਵਾਦ ਸਹਿਤ

ਤੁਹਾਡਾ

**(ਅਜੇ ਭੱਲਾ)**

**ਸੇਵਾ ਵਿਖੇ**

**ਸਾਰੇ ਰਾਜਾਂ ਦੇ ਮੁੱਖ ਸਕੱਤਰ**

ਅਜੇ ਭੱਲਾ

ਆਈ.ਏ.ਐਸ.

ਡੀ.ਓ. 40-10/2020-ਡੀ.ਐਮ.-1(ਏ) ਮਿਤੀ : 16/05/2020

ਪਿਆਰੇ ਪ੍ਰਸ਼ਾਸਕ

ਜਿਵੇਂ ਕਿ ਤੁਸੀਂ ਜਾਣਦੇ ਹੀ ਹੋ, ਸਰਕਾਰ ਨੇ ਪ੍ਰਵਾਸੀ ਕਾਮਿਆਂ ਦੇ ਆਵਾਗਮਨ ਲਈ ਬੱਸਾਂ ਅਤੇ 'ਸ਼੍ਰਮਿਕ' ਵਿਸ਼ੇਸ਼ ਰੇਲ ਗੱਡੀਆਂ ਚਲਾਉਣ ਦੀ ਆਗਿਆ ਦਿੱਤੀ ਹੈ ਤਾਂ ਕਿ ਮਜ਼ਦੂਰ ਆਪਣੇ ਜੱਦੀ ਸਥਾਨਾਂ ਤੇ ਪਹੁੰਚ ਸਕਣ। ਪ੍ਰਵਾਸੀਆਂ ਦੇ ਅਤੇ ਰਾਜਾਂ ਵਿਚ ਫਸੇ ਵਿਅਕਤੀਆਂ ਦੇ ਸੁਚਾਰੂ ਆਵਾਗਮਨ ਸੰਬੰਧੀ ਸੂਚਨਾ ਪ੍ਰਾਪਤ ਕਰਨ ਲਈ ਰਾਸ਼ਟਰੀ ਆਫ਼ਤ ਪ੍ਰਬੰਧਨ ਅਥਾਰਟੀ (ਐਨ.ਡੀ.ਐਮ.ਏ.) ਨੇ ਮੌਜੂਦਾ ਐਨ.ਡੀ.ਐਮ.ਏ.-ਜੀ.ਆਈ.ਐਸ. ਪੋਰਟਲ 'ਤੇ ਨੈਸ਼ਨਲ ਮਾਈਗਰੈਂਟ ਇਨਫਰਮੇਸ਼ਨ ਸਿਸਟਮ (ਐਨ.ਐਮ.ਆਈ.ਐਸ.) ਨਾਮ ਦਾ ਆਨਲਾਈਨ ਡੈਸ਼ਬੋਰਡ ਤਿਆਰ ਕੀਤਾ ਹੈ।

2. ਪੋਰਟਲ ਇਕ ਕੇਂਦਰੀ ਕੋਸ਼ ਕਾਇਮ ਕਰੇਗਾ ਅਤੇ ਭੇਜਣ ਦੇ ਨਾਲ-ਨਾਲ ਪ੍ਰਾਪਤ ਕਰਨ ਵਾਲੇ ਰਾਜਾਂ/ਜ਼ਿਲ੍ਹਿਆਂ ਨੂੰ ਆਨਲਾਈਨ ਫਾਰਮੈਟ ਵਿਚ ਨਿਰਵਿਘਨ ਆਪਣੀ ਮਨਜ਼ੂਰੀ ਦੇਣ ਅਤੇ ਪੁੱਛਣ ਵਿਚ ਮਦਦ ਕਰੇਗਾ। ਇਹ ਸਿਸਟਮ ਖੇਤਰ ਵਿਚ ਕੰਮ ਕਰਨ ਵਾਲੇ ਅਧਿਕਾਰੀਆਂ 'ਤੇ ਬਿਨਾ ਵਾਧੂ ਬੋਝ ਪਾਏ ਰਾਜਾਂ ਵਿਚਕਾਰ ਬਣੀ ਤੇਜ਼ੀ ਨਾਲ ਸੰਚਾਰ ਕਰਨ ਵਿਚ ਮਦਦ ਕਰੇਗਾ। ਇਸਦੇ ਹੋਰ ਵੀ ਬਹੁਤ ਫਾਇਦੇ ਹਨ ਜਿਵੇਂ ਸੰਪਰਕ ਟਰੇਸ ਕਰਨਾ ਜੋ ਸਮੁੱਚੇ ਕੋਵਿਡ ਪ੍ਰਤਿਕਿਰਿਆ ਕੰਮ ਵਿਚ ਲਾਭਦਾਇਕ ਹੋ ਸਕਦਾ ਹੈ। ਐਨ.ਐਮ.ਆਈ.ਐਸ. 'ਤੇ ਸੰਖੇਪ ਨੋਟ ਨਾਲ ਨੱਥੀ ਹੈ। ਸਿਸਟਮ ਦੀਆਂ ਕੁਝ ਪ੍ਰਮੁੱਖ ਵਿਸ਼ੇਸ਼ਤਾਵਾਂ ਹੇਠ ਲਿਖੇ ਅਨੁਸਾਰ ਹਨ:-

- ਰਾਜ ਪੋਰਟਲ 'ਤੇ ਵਿਅਕਤੀਗਤ ਡਾਟਾ ਦੀ ਬੈਚ ਫਾਈਲ ਅਪਲੋਡ ਕਰ ਸਕਦੇ ਹਨ।
- ਰਾਜਾਂ ਨੇ ਪਹਿਲਾਂ ਹੀ ਪ੍ਰਵਾਸੀ ਡਾਟਾ ਇਕੱਠਾ ਕੀਤਾ ਹੋਇਆ ਹੈ ਇਸਨੂੰ ਐਪਲੀਕੇਸ਼ਨ ਪ੍ਰੋਗਰਾਮਿੰਗ ਇੰਟਰਫੇਸ (ਏ.ਪੀ.ਆਈ.) ਰਾਹੀਂ ਏਕੀਕ੍ਰਿਤ ਕੀਤਾ ਜਾ ਸਕਦਾ ਹੈ।
- ਪ੍ਰਵਾਸ ਕਰਨ ਵਾਲੇ ਵਿਅਕਤੀਆਂ ਨਾਲ ਸੰਬੰਧਿਤ ਕੁੰਜੀ ਡਾਟਾ ਨੂੰ ਅਪਲੋਡ ਕਰਨ ਲਈ ਮਾਨਕੀਕ੍ਰਿਤ ਕੀਤਾ ਗਿਆ ਹੈ ਜਿਵੇਂ ਨਾਮ, ਆਯੂ, ਮੋਬਾਇਲ ਨੰ. ਮੂਲ ਅਤੇ ਪਹੁੰਚ ਜ਼ਿਲ੍ਹਾ, ਯਾਤਰਾ ਦੀ ਮਿਤੀ ਆਦਿ ਜੋ ਕਿ ਰਾਜ ਪਹਿਲਾਂ ਹੀ ਇਕੱਤਰ ਕਰ ਰਹੇ ਹਨ।
- ਰਾਜ ਇਹ ਦੇਖਣਗੇ ਕਿ ਕਿੱਥੋਂ ਕਿੰਨੇ ਲੋਕ ਬਾਹਰ ਜਾ ਰਹੇ ਹਨ ਅਤੇ ਕਿੰਨੇ ਪਹੁੰਚ ਰਾਜਾਂ ਵਿਚ ਪਹੁੰਚ ਰਹੇ ਹਨ।
- ਲੋਕਾਂ ਦੇ ਮੋਬਾਈਲ ਨੂੰ ਕੋਵਿੰਡ-19 ਦੌਰਾਨ ਸੰਪਰਕ ਟਰੇਸ ਕਰਨ ਅਤੇ ਆਉਣ ਜਾਣ ਦੀ ਨਿਗਰਾਨੀ ਲਈ ਵਰਤੇ ਜਾ ਸਕਦੇ ਹਨ।
- ਹਰੇਕ ਪ੍ਰਵਾਸੀ ਲਈ ਯੂਨੀਕ ਆਈ.ਡੀ. ਤਿਆਰ ਕੀਤੀ ਗਈ ਹੈ ਜੋ ਸਾਰੀ ਤਰ੍ਹਾਂ ਦੇ ਲੈਣ-ਦੇਣ ਲਈ ਵਰਤੇ ਜਾ ਸਕਦੇ ਹਨ।
- ਭਾਰਤ ਸਰਕਾਰ ਦੇ ਨੋਡਲ ਮੰਤਰਾਲੇ ਵੀ ਇਸ ਪੋਰਟਲ ਜ਼ਰੀਏ ਪ੍ਰਵਾਸੀਆਂ ਦੇ ਆਵਾਗਮਨ ਦੀ ਨਿਗਰਾਨੀ ਕਰ ਸਕਦੇ ਹਨ।

3. ਮੈਂ ਬੇਨਤੀ ਕਰਦਾ ਹਾਂ ਪ੍ਰਵਾਸੀਆਂ ਦੇ ਆਵਾਗਮਨ ਸੂਚਨਾ ਪ੍ਰਾਪਤ ਕਰਨ ਅਤੇ ਬਿਹਤਰ ਅੰਤਰ-ਰਾਜੀ ਤਾਲਮੇਲ ਲਈ ਐਨ.ਐਮ.ਆਈ.ਐਸ. ਦੇ ਆਨਲਾਈਨ ਪੋਰਟਲ ਦੀ ਵਰਤੋਂ ਕਰੋ।

ਧੰਨਵਾਦ ਸਹਿਤ

ਤੁਹਾਡਾ

(ਅਜੇ ਭੱਲਾ)

ਸੇਵਾ ਵਿਖੇ

ਸਾਰੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਪ੍ਰਸ਼ਾਸਕ

## ਰਾਸ਼ਟਰੀ ਪ੍ਰਵਾਸੀ ਸੂਚਨਾ ਪ੍ਰਣਾਲੀ (ਨੈਸ਼ਨਲ ਮਾਈਗਰੈਂਟ ਇਨਫਰਮੇਸ਼ਨ ਸਿਸਟਮ) 'ਤੇ ਸੰਖੇਪ ਨੋਟ

### 1. ਜਾਣ-ਪਛਾਣ :

ਮੌਜੂਦਾ ਕੋਵਿਡ ਸੰਕਟ ਦੌਰਾਨ ਪ੍ਰਵਾਸੀਆਂ ਲਈ ਆਵਾਜਾਈ ਸੇਵਾਵਾਂ ਲਈ ਸ਼੍ਰਮਿਕ ਵਿਸ਼ੇਸ਼ ਰੇਲਗੱਡੀਆਂ ਅਤੇ ਬੱਸਾਂ ਚਲਾ ਕੇ ਸੁਗਮ ਬਣਾਇਆ ਜਾ ਰਿਹਾ ਹੈ। ਇਹ ਮੂਲ ਰਾਜ, ਪਹੁੰਚ ਰਾਜ ਅਤੇ ਪਰਿਵਹਨ ਪ੍ਰਦਾਤਾ (ਰੇਲਵੇ ਜਾਂ ਬੱਸਾਂ) ਦੇ ਤਾਲਮੇਲ ਨਾਲ ਯੋਜਨਾਬੱਧ ਕੀਤਾ ਗਿਆ ਹੈ। ਪ੍ਰਵਾਸੀਆਂ ਦੇ ਆਵਾਗਮਨ ਵਿਚ ਕਈ ਮੁੱਦੇ ਸ਼ਾਮਲ ਹਨ ਜਿਵੇਂ ਸੰਪਰਕ ਟਰੇਸਿੰਗ, ਗੱਡੀਆਂ ਦੀ ਯੋਜਨਾਬੰਦੀ, ਪਹੁੰਚ ਰਾਜ ਵਿਚ ਇਕਾਂਤਵਾਸ ਸਹੂਲਤਾਂ ਦੀ ਯੋਜਨਾਬੰਦੀ, ਜਦੋਂ ਪ੍ਰਵਾਸੀ ਵਾਪਸ ਮੁੜਨਾ ਚਾਹੁਣਗੇ, ਵਾਪਸੀ ਦੀ ਯੋਜਨਾਬੰਦੀ ਆਦਿ। ਹੁਣ ਤੱਕ, ਇਹ ਉਮੀਦ ਹੈ ਕਿ ਲਗਭਗ 3.5 ਲੱਖ ਪ੍ਰਵਾਸੀ ਕਾਮੇ 350 ਗੱਡੀਆਂ ਵਿਚ ਜਾ ਚੁੱਕੇ ਹਨ, ਹੋਰ ਅਜਿਹੀਆਂ ਯਾਤਰਾਵਾਂ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ।

ਸੰਪਰਕ ਟਰੇਸਿੰਗ ਦੀ ਸਹੂਲਤ ਪ੍ਰਦਾਨ ਕਰਨ ਲਈ, ਵਿਅਕਤੀਗਤ ਵੇਰਵੇ ਅਤੇ ਸਥਾਨਕ ਪਛਾਣਕਰਤਾ (ਮੂਲ, ਪਹੁੰਚ ਪਤਾ) ਦੋਵੇਂ ਪ੍ਰਾਪਤ ਕਰਨੇ ਜ਼ਰੂਰੀ ਹਨ।

ਇਹ ਨੋਟ ਕੀਤਾ ਜਾਵੇ ਕਿ ਹੋ ਸਕਦਾ ਹੈ ਨੇੜਲੇ ਭਵਿੱਖ ਵਿਚ ਕੁਝ ਮਜ਼ਦੂਰ ਵਾਪਸ ਆਉਣਾ ਚਾਹੁਣ। ਤਿਆਰ ਡਾਟਾਬੇਸ ਅਜਿਹੀਆਂ ਵਾਪਸੀ ਯਾਤਰਾਵਾਂ ਦੀ ਯੋਜਨਾਬੱਧ ਢੰਗ ਨਾਲ ਤਿਆਰੀ ਕਰਨ ਵਿਚ ਮਦਦ ਕਰ ਸਕਦਾ ਹੈ।

ਇਹਨਾਂ ਲੋਕਾਂ ਦਾ ਡਾਟਾ ਰਾਜਾਂ/ਜ਼ਿਲ੍ਹਿਆਂ ਦੁਆਰਾ ਸੰਭਾਲਿਆ ਜਾ ਰਿਹਾ ਹੈ। ਕੋਈ ਵੀ ਸਾਂਝਾ ਪਲੇਟਫਾਰਮ ਨਹੀਂ ਹੈ ਜਿੱਥੇ ਫੈਸਲਾ ਲੈਂਦੇ ਸਮੇਂ ਸਹੀ ਡਾਟਾ ਨੂੰ ਵੇਖਿਆ ਜਾ ਸਕੇ।

ਕੰਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਸੰਭਾਵਤ ਗੁੰਜਾਇਸ਼ ਹੈ। ਮਜ਼ਦੂਰਾਂ ਦੇ ਪ੍ਰਵਾਸ ਦੀ ਪ੍ਰਕਿਰਿਆ ਦੇ ਸਵੈਚਾਲਨ ਵਿਚ ਕੇਂਦਰੀ ਕੋਸ਼ ਪ੍ਰਦਾਨ ਕਰੇਗਾ ਜੋ ਕਿ ਫੈਸਲਾ ਸਹਾਇਕ ਸੰਦ ਦੇ ਤੌਰ 'ਤੇ ਉਹਨਾਂ ਦੇ ਲੌਗ ਇਨ ਪ੍ਰਮਾਣ-ਪੱਤਰ ਨਾਲ ਹਰੇਕ ਦਾਅਵੇਦਾਰ ਦੁਆਰਾ ਪ੍ਰਯੋਗ ਕੀਤਾ ਜਾ ਸਕਦਾ ਹੈ।

ਇਹ ਧਿਆਨ ਰੱਖਦੇ ਹੋਏ ਐਨ.ਡੀ.ਐਮ.ਏ. ਨੇ ਮੌਜੂਦਾ ਐਨ.ਡੀ.ਐਮ.ਏ.-ਜੀ.ਆਈ.ਐਸ. ਪੋਰਟਲ 'ਤੇ ਨੈਸ਼ਨਲ ਮਾਈਗਰੈਂਟ ਇਨਫਾਰਮੇਸ਼ਨ ਸਿਸਟਮ (ਐਨ.ਐਮ.ਆਈ.ਐਸ.) ਡੈਸ਼ਬੋਰਡ ਤਿਆਰ ਕੀਤਾ ਹੈ।

### 2. ਨੈਸ਼ਨਲ ਮਾਈਗਰੈਂਟ ਇਨਫਰਮੇਸ਼ਨ ਸਿਸਟਮ (ਐਨ.ਐਮ.ਆਈ.ਐਸ.) ਡੈਸ਼ਬੋਰਡ

- ਫਸੇ ਲੋਕਾਂ ਦੇ ਪ੍ਰਵਾਸ ਦਾ ਡਾਟਾਬੇਸ ਪ੍ਰਬੰਧਨ। ਰਾਜ/ਯੂ.ਟੀ., ਰੇਲਵੇ ਮੰਤਰਾਲਾ ਅਤੇ ਹੋਰ ਦਾਅਵੇਦਾਰ ਫੈਸਲੇ ਕਰਨ ਲੱਗਿਆਂ ਪੋਰਟਲ ਤੱਕ ਪਹੁੰਚ ਕਰ ਸਕਦੇ ਹਨ।
- ਰਾਜਾਂ ਚੋਂ ਮੁਹੱਈਆ ਕਰਵਾਈ ਗਈ ਐਪਲੀਕੇਸ਼ਨ ਦੀ ਵਰਤੋਂ ਕਰਦੇ ਹੋਏ ਪੋਰਟਲ 'ਤੇ ਵਿਅਕਤੀਗਤ ਡਾਟਾ ਅਪਲੋਡ ਕਰ ਸਕਦੇ ਹਨ। ਜਦੋਂ ਕਿ ਬਹੁਤ ਸਾਰੇ ਰਾਜਾਂ ਨੇ ਪਹਿਲਾਂ ਹੀ ਪ੍ਰਵਾਸ ਨਾਲ ਸੰਬੰਧਿਤ ਡਾਟਾ ਇਕੱਠਾ ਕੀਤਾ ਹੋਇਆ ਹੈ ਜਿਸਨੂੰ ਏ.ਪੀ.ਆਈ ਰਾਹੀਂ ਐਨ.ਡੀ.ਐਮ.ਏ. ਡਾਟਾਬੇਸ ਨਾਲ ਸੰਯੁਕਤ ਕੀਤਾ ਜਾ ਸਕਦਾ ਹੈ।
- ਪ੍ਰਵਾਸ ਕਰਨ ਵਾਲੇ ਵਿਅਕਤੀਆਂ ਨਾਲ ਸੰਬੰਧਿਤ ਪ੍ਰਮੁੱਖ ਡਾਟਾ ਅਪਲੋਡ ਕਰਕੇ ਮਾਨਕੀਕ੍ਰਿਤ ਕੀਤਾ ਜਾ ਸਕਦਾ ਹੈ ਜਿਵੇਂ ਨਾਮ, ਆਯੂ, ਮੋਬਾਈਲ ਨੰ., ਆਧਾਰ ਨੰ., ਮੂਲ ਅਤੇ ਪਹੁੰਚ ਜ਼ਿਲ੍ਹਾ, ਨਾਲ ਜਾ

ਰਹੇ ਵਿਅਕਤੀ, ਯਾਤਰਾ ਦੀ ਮਿਤੀ ਆਦਿ। ਇਹ ਡਾਟਾ ਪਹਿਲਾਂ ਹੀ ਰਾਜਾਂ ਨੇ ਇਕੱਤਰ ਕੀਤਾ ਹੋਇਆ ਹੈ। ਇਸ ਡਾਟਾ ਨਾਲ ਰਾਜ ਇਹ ਦੇਖਣ ਦੇ ਸਮਰੱਥ ਹੋ ਜਾਣਗੇ ਕਿ ਕਿੰਨੇ ਲੋਕ ਕਿੱਥੋਂ ਬਾਹਰ ਜਾ ਰਹੇ ਹਨ ਅਤੇ ਕਿੰਨੇ ਕਿੱਥੇ ਪਹੁੰਚ ਰਹੇ ਹਨ। ਇਸ ਤਰ੍ਹਾਂ ਉਹ ਲੌਜਿਸਟਿਕ ਲੋੜਾਂ ਬਾਰੇ ਜਾਣਕਾਰੀ ਹਾਸਲ ਕਰ ਲੈਣਗੇ।

- ਲੋਕਾਂ ਦੇ ਮੋਬਾਈਲ ਨੰਬਰ, ਸੰਪਰਕ ਟਰੇਸਿੰਗ ਅਤੇ ਕੋਵਿਡ-19 ਦੌਰਾਨ ਆਵਾਗਮਨ ਨਿਗਰਾਨੀ ਵਾਸਤੇ ਪ੍ਰਯੋਗ ਕੀਤੇ ਜਾ ਸਕਦੇ ਹਨ।
- ਅਗਲੇ ਸਫਰ ਲਈ ਲੌਜਿਸਟਿਕ ਲੋੜ, ਇਕਾਂਤਵਾਸ ਸਮਰੱਥਾ ਆਦਿ ਨੂੰ ਧਿਆਨ ਵਿਚ ਰੱਖਦੇ ਹੋਏ ਰੇਲਗੱਡੀਆਂ ਦਾ ਆਵਾਗਮਨ, ਪਹੁੰਚ ਰਾਜਾਂ ਦੀ ਸਹਿਮਤੀ 'ਤੇ ਨਿਰਭਰ ਕਰੇਗਾ। ਜਦੋਂ ਮੂਲ ਅਤੇ ਪਹੁੰਚ ਰਾਜ ਲੋਕਾਂ ਦੀ ਗਿਣਤੀ ਅਤੇ ਤਾਰੀਖਾਂ 'ਤੇ ਸਹਿਮਤ ਹੋਣਗੇ, ਰੇਲਵੇ ਵਿਭਾਗ ਰੇਲ ਗੱਡੀਆਂ ਦੀ ਬੁਕਿੰਗ ਕਰੇਗਾ।
- ਹਰੇਕ ਪ੍ਰਵਾਸੀ ਦੀ ਯੂਨੀਕ ਆਈ.ਡੀ. ਤਿਆਰ ਕੀਤੀ ਜਾਏਗੀ ਜੋ ਕਿ ਲੈਣ-ਦੇਣ ਲਈ ਪ੍ਰਯੋਗ ਕੀਤੀ ਜਾ ਸਕਦੀ ਹੈ। ਵਿਸ਼ੇਸ਼ ਰੇਲ-ਗੱਡੀ ਰਾਹੀਂ ਸਫ਼ਰ ਕਰਨ ਵਾਲੇ ਵਿਅਕਤੀ ਦੀ ਆਈ.ਡੀ. ਮੂਲ ਰਾਜ ਵੱਲੋਂ ਰੇਲਵੇ ਵਿਭਾਗ ਨੂੰ ਸੌਂਪੀ ਜਾਏਗੀ ਜਦੋਂ ਰੇਲਗੱਡੀਆਂ ਦੀ ਮੰਗ ਕੀਤੀ ਜਾਏਗੀ। ਇਸ ਤਰ੍ਹਾਂ ਪਹੁੰਚ ਰਾਜਾਂ ਕੋਲ ਵੀ ਡਾਟਾ ਆ ਜਾਵੇਗਾ ਅਤੇ ਅੱਗੋਂ ਇਹ ਨਿਗਰਾਨੀ ਵਾਸਤੇ ਪ੍ਰਯੋਗ ਕੀਤਾ ਜਾ ਸਕਦਾ ਹੈ।
- ਇਹ ਧਿਆਨ ਰਹੇ ਕਿ ਖੇਤਰ ਵਿਚ ਕੰਮ ਕਰਨ ਵਾਲੇ ਅਧਿਕਾਰੀਆਂ 'ਤੇ ਇਸ ਸਿਸਟਮ ਨਾਲ ਕੋਈ ਵਾਧੂ ਬੋਝ ਨਹੀਂ ਪਏਗਾ। ਐਮ.ਐਚ.ਏ. ਦੀਆਂ ਸਮੁੱਚੀਆਂ ਸੇਧਾਂ ਅਧੀਨ ਇਹ ਰਾਜ ਸਰਕਾਰ ਨੂੰ ਸ਼ਾਸਨ ਸੱਤਾ ਤੋਂ ਵਾਂਝਿਆਂ ਵੀ ਨਹੀਂ ਕਰੇਗੀ।

ਹੋਰਨਾਂ ਤੋਂ ਇਲਾਵਾ ਐਨ.ਐਮ.ਆਈ.ਐਸ. ਦੇ ਪ੍ਰਮੁੱਖ ਲੱਛਣਾਂ ਵਿਚ ਹੇਠ ਲਿਖੇ ਸ਼ਾਮਲ ਹਨ :

- ਉਚਿੱਤ ਰਾਜ ਅਤੇ ਜ਼ਿਲ੍ਹਾ ਆਈ.ਡੀ. ਨਾਲ ਮਾਨਕੀਕ੍ਰਿਤ ਡਾਟਾ ਮਾਡਲ
- ਹਰੇਕ ਬੇਨਤੀ ਲਈ ਯੂਨੀਕ ਆਈ.ਡੀ. ਦੀ ਆਪਣੇ ਆਪ ਤਿਆਰੀ।
- ਯਾਤਰੀਆਂ ਲਈ ਯੂਨੀਕ ਆਈ.ਡੀ. ਆਪਣੇ ਆਪ ਤਿਆਰ।
- ਰਾਜ ਆਈ.ਡੀ., ਜ਼ਿਲ੍ਹਾ ਆਈ.ਡੀ., ਨਾਮ, ਮੋਬਾਈਲ, ਆਗੂ ਲਈ ਪ੍ਰਮਾਣਿਕਤਾ ਜਾਂਚ
- ਕਾਰਜਪ੍ਰਵਾਹ ਪ੍ਰਵਾਨਗੀ ਵਿਚ ਤਾਰੀਖਾਂ ਦੀ ਸਵੈ-ਆਬਾਦੀ
- ਜਿੱਥੇ ਸੰਭਵ ਹੋਵੇ ਡਰਾਪ ਡਾਊਨ ਚੋਣ
- ਪ੍ਰਮਾਣਿਕਤਾ ਲਈ ਸਵੈਚਾਲਿਤ ਤਰੀਕੇ ਵਿਚ ਤਾਰੀਖ਼/ਸਮੇਂ ਨਾਲ ਡਾਟਾ ਨਿਰਮਾਤਾ ਆਈ.ਡੀ. ਵੇਰਵਿਆਂ ਨੂੰ ਪ੍ਰਾਪਤ ਕਰਨਾ।
- ਨਿਰਯਾਤ ਵਿਕਲਪ ਨਾਲ ਸੂਚੀ ਦ੍ਰਿਸ਼
- ਗ਼ਲਤ ਡਾਟਾ ਲਈ ਸੰਦੇਸ਼

## 3. ਰਾਜਾਂ ਲਈ ਗਤੀਵਿਧੀਆਂ

ਨੈਸ਼ਨਲ ਮਾਈਗਰੈਂਟ ਇਨਫਰਮੇਸ਼ਨ ਸਿਸਟਮ ਦੀ ਸੁਚਾਰੂ ਕਾਰਗੁਜ਼ਾਰੀ ਲਈ ਰਾਜਾਂ ਨੂੰ ਹੇਠ ਲਿਖੀਆਂ ਗਤੀਵਿਧੀਆਂ ਕਰਨੀਆਂ ਹੋਣਗੀਆਂ।

(i) ਰਾਜ ਅਤੇ ਜ਼ਿਲ੍ਹਾ ਪੱਧਰ 'ਤੇ ਇਸ ਉਦੇਸ਼ ਲਈ ਨੋਡਲ ਅਫਸਰ ਦੀ ਪ੍ਰਤਿਨਿਯੁਕਤੀ

(ii) ਲੋੜੀਂਦੇ ਡਾਟਾ ਫਾਰਮੈਟ ਵਿਚ ਐਨ.ਐਮ.ਆਈ.ਐਸ. ਪੋਰਟਲ 'ਤੇ ਰਾਜਾਂ ਵੱਲੋਂ ਅੰਕੜਿਆਂ ਦਾ ਨਿਰਵਿਘਨ ਪ੍ਰਵਾਹ

(iii) ਜਿਹਨਾਂ ਰਾਜਾਂ ਕੋਲ ਆਪਣਾ ਆਨਲਾਈਨ ਪਲੇਟਫਾਰਮ ਹੈ, ਉਸ ਸੰਬੰਧ ਵਿਚ ਏ.ਪੀ.ਆਈ. ਰਾਹੀਂ / ਆਨਲਾਈਨ ਪੋਰਟਲ ਦਾ ਪ੍ਰਯੋਗ ਕਰਦੇ ਹੋਏ ਡਾਟਾ ਸਾਂਝਾ ਕਰਨਾ।

## 4. ਲਾਭ

1. ਪਹੁੰਚ ਰਾਜ ਪ੍ਰਭਾਵਸ਼ਾਲੀ ਤਰੀਕੇ ਨਾਲ ਆਪਣੇ ਲੋਜਿਸਟਿਕ ਦੀ ਯੋਜਨਾਬੰਦੀ ਕਰ ਸਕਦੇ ਹਨ। ਪ੍ਰਵਾਸੀਆਂ ਦੇ ਪਹੁੰਚਣ ਤੋਂ ਪਹਿਲਾਂ ਹੀ ਉਹਨਾਂ ਕੋਲ ਵੇਰਵੇ ਸਹਿਤ ਉਹਨਾਂ ਦੀ ਸਹੀ ਗਿਣਤੀ ਹੋਵੇਗੀ।

2. ਇਸੇ ਤਰ੍ਹਾਂ ਮੂਲ ਰਾਜਾਂ ਕੋਲ ਅਗਲੀ ਯੋਜਨਾਬੰਦੀ ਦੇ ਨਾਲ ਨਾਲ ਆਵਾਜਾਈ ਲਈ ਇਕ ਜਗ੍ਹਾ 'ਤੇ ਹੀ ਸਾਰਾ ਡਾਟਾ ਉਪਲਬਧ ਹੋਏਗਾ।

3. ਜਿਉਂ ਹੀ ਆਵਾਜਾਈ ਦਾ ਭਾਰ ਵਧੇਗਾ, ਮੈਨੂਅਲ ਸਿਸਟਮ ਰਾਹੀਂ ਲਾਗੂ ਕਰਨਾ ਮੁਸ਼ਕਲ ਹੋ ਜਾਏਗਾ ਅਤੇ ਦੇਰ ਵੀ ਹੋ ਸਕਦੀ ਹੈ। ਕੇਂਦਰੀਕ੍ਰਿਤ ਆਨਲਾਈਨ ਪੋਰਟਲ ਨਿਰਵਿਘਨ ਸੰਪਰਕ ਸਥਾਪਤ ਕਰੇਗਾ।

4. ਬਾਅਦ ਵਿਚ, ਰੇਲਵੇ ਕੋਚ (ਡੱਬਾ) ਪੱਧਰ ਤੱਕ ਯਾਤਰੀ ਦਾ ਨੀਰੀਖਣ ਕਰ ਸਕਦਾ ਹੈ ਜੋ ਨੋਡਲ ਅਫਸਰ ਨੂੰ ਸੌਂਪੀ ਗਈ ਹਰੇਕ ਕੋਚ ਲਈ ਉਦੇਸ਼ ਪੂਰਾ ਕਰੇਗਾ ਅਤੇ ਮੰਜ਼ਲ 'ਤੇ ਨਿਰਵਿਘਨ ਇਕਾਂਤਵਾਸ ਦੀ ਸਹੂਲਤ ਪਹੁੰਚਾ ਸਕਦਾ ਹੈ।

5. ਐਨ.ਡੀ.ਐਮ.ਏ. ਕੇਂਦਰੀ ਕੋਸ਼ ਨੂੰ ਯੋਜਨਾਬੰਦੀ ਲਈ ਵਰਤਿਆ ਜਾ ਸਕਦਾ ਹੈ ਅਤੇ ਰਾਜਾਂ ਦੁਆਰਾ ਦਿੱਤੇ ਜਾਣ ਵਾਲੇ ਲਾਭਾਂ (ਜੇ ਕੋਈ ਹੈ) ਜਾਂ ਉਹਨਾਂ ਦੀ ਵਾਪਸੀ ਯਾਤਰਾ ਦੀ ਯੋਜਨਾਬੰਦੀ ਲਈ ਪ੍ਰਵਾਸੀਆਂ ਨਾਲ ਸੰਪਰਕ ਸਥਾਪਤ ਕੀਤਾ ਜਾ ਸਕਦਾ ਹੈ।

6. ਪ੍ਰਵਾਸੀਆਂ ਨੂੰ ਵੱਖ-ਵੱਖ ਸੇਵਾਵਾਂ ਜਿਵੇਂ ਯਾਤਰਾ ਦੀ ਮਿਤੀ, ਕੋਚ ਨੰ. (ਜੇ ਰੇਲਵੇ ਦੁਆਰਾ ਅਲਾਟ ਕੀਤਾ ਗਿਆ ਹੈ) ਅਤੇ ਭਵਿੱਖ ਵਿਚ ਲਾਭ ਪਹੁੰਚਾਉਣ ਜਾਂ ਕਰਮਚਾਰੀਆਂ ਨਾਲ ਸੰਪਰਕ ਕਰਨ ਲਈ ਉਹਨਾਂ ਦੇ ਮੋਬਾਈਲ 'ਤੇ 'ਅਲਰਟ' ਭੇਜਿਆ ਜਾ ਸਕਦਾ ਹੈ।

## 5. ਅਨੁਮਾਨਤ ਨਤੀਜੇ

ਨੈਸ਼ਨਲ ਮਾਈਗਰੇਸ਼ਨ ਇਨਫਰਮੇਸ਼ਨ ਸਿਸਟਮ ਨਾਲ ਹੇਠ ਲਿਖੇ ਨਤੀਜੇ ਆਉਣ ਦਾ ਅਨੁਮਾਨ ਹੈ :-

(i) ਮਾਨਕੀਕ੍ਰਿਤ ਨੈਸ਼ਨਲ ਲੈਵਲ ਮਾਈਗਰੇਸ਼ਨ ਇਨਫਰਮੇਸ਼ਨ ਸਿਸਟਮ

(ii) ਫਸੇ ਲੋਕਾਂ ਦੀ ਆਵਾਜਾਈ ਲਈ ਕੇਂਦਰੀਕ੍ਰਿਤ ਸਿਸਟਮ

(iii) ਪੋਰਟਲ ਜ਼ਰੀਏ ਰਾਜਾਂ ਵਿਚਕਾਰ ਨਿਰਵਿਘਨ ਸੰਚਾਰ

(iv) ਪੋਰਟਲ ਜ਼ਰੀਏ ਪਹੁੰਚ ਰਾਜਾਂ ਤੋਂ ਐਨ.ਓ.ਸੀ. ਦਾ ਸੰਚਾਰ

(v) ਵੱਖ-ਵੱਖ ਦਾਅਵੇਦਾਰਾਂ ਦੁਆਰਾ ਪ੍ਰਭਾਵਸ਼ਾਲੀ ਉਪਯੋਗਤਾ ਲਈ ਇੱਕੋ ਪਲੇਟਫਾਰਮ 'ਤੇ ਡਾਟਾਬੇਸ ਦੀ ਉਪਲੱਭਦਤਾ

(vi) ਲੌਜਿਸਟਿਕਸ ਪ੍ਰਬੰਧਾਂ, ਸੰਪਰਕ, ਟਰੇਸਿੰਗ, ਇਕਾਂਤਵਾਸ/ਕੁਆਰਨਟੀਨ ਸਹੂਲਤਾਂ ਦੇ ਪ੍ਰਬੰਧ ਆਦਿ ਦੀ ਯੋਜਨਾਬੰਦੀ ਲਈ ਕੇਂਦਰੀਕ੍ਰਿਤ ਸਥਾਨ 'ਤੇ ਲੌਗਇਨ ਪ੍ਰਮਾਣ-ਪੱਤਰ ਰਾਹੀਂ ਡਾਟਾ ਤੱਕ ਆਸਾਨ ਪਹੁੰਚ ਅਤੇ ਪ੍ਰਾਪਤੀ

(vii) ਫਸੇ ਹੋਏ ਲੋਕਾਂ ਦੇ ਆਵਾਗਮਨ ਦੀ ਯੋਜਨਾਬੰਦੀ ਲਈ ਰੇਲਵੇ ਅਤੇ ਹੋਰ ਆਵਾਜਾਈ ਪ੍ਰਬੰਧਨ ਪ੍ਰਣਾਲੀ ਦੀ ਡਾਟਾਬੇਸ ਤੱਕ ਆਸਾਨ ਪਹੁੰਚ

(viii) ਕੇਂਦਰੀਕ੍ਰਿਤ ਪਲੇਟਫਾਰਮ ਰਾਹੀਂ ਆਨਲਾਈਨ ਈ-ਪਾਸ ਬਣਾਉਣਾ

(ix) ਕੇਂਦਰੀਕ੍ਰਿਤ ਮਾਈਗਰੈਂਟ ਇਨਫਰਮੇਸ਼ਨ ਸਿਸਟਮ ਰਾਹੀਂ ਫਸੇ ਹੋਏ ਲੋਕਾਂ ਦੇ ਆਵਾਗਮਨ ਦੀ ਆਸਾਨ ਨਿਗਰਾਨੀ

**6. ਮਾਈਗਰੈਂਟ ਡਾਟਾ ਫਾਰਮੈਟ**

ਅਨੁਲੱਗ ਵਿਚ ਦਿੱਤੇ ਗਏ ਲੋੜੀਂਦੇ ਡਾਟਾ ਫਾਰਮੈਟ ਵਿਚ ਫਸੇ ਹੋਏ ਲੋਕਾਂ ਦਾ ਵੇਰਵਾ ਰਾਜਾਂ ਦੁਆਰਾ ਮੁਹੱਈਆ ਕਰਾਇਆ ਜਾਏਗਾ। ਜੇਕਰ ਰਾਜਾਂ ਕੋਲ ਪਹਿਲਾਂ ਹੀ ਆਪਣਾ ਆਨਲਾਈਨ ਪੋਰਟਲ ਹੈ ਤਾਂ ਲੋੜੀਂਦੇ ਫਾਰਮੈਟ ਵਿਚ ਏ.ਪੀ.ਆਈ. ਰਾਹੀਂ ਡਾਟਾ ਮੁਹੱਈਆ ਕਰਾਇਆ ਜਾ ਸਕਦਾ ਹੈ।

**7. ਐਨ.ਡੀ.ਐਮ.ਏ. ਵਿਚ ਕੇਂਦਰ ਬਿੰਦੂ**

ਸ੍ਰੀ ਸੰਦੀਪ ਪੌਂਡਰਿਕ

ਸੰਯੁਕਤ ਸਕੱਤਰ (ਮਿਟੀਗੇਸ਼ਨ), ਐਨ.ਡੀ.ਐਮ.ਏ.,

ਲੈਂਡਲਾਈਨ : 011-26701710

ਮੋਬਾਇਲ : 9999038828

ਈ-ਮੇਲ : js-mitigation@ndma.gov.in

ਅਨੁਲੱਗ

**ਰਾਜਾਂ ਤੋਂ ਲੋੜੀਂਦੇ ਅੰਕੜੇ**

| |
|---|
| ਕ੍ਰਮ ਸੰਖਿਆ |
| ਨਾਮ |
| ਯੂਨੀਕ ਆਈ.ਡੀ. ਨੰਬਰ (ਐਨ.ਡੀ.ਐਮ.ਏ. ਸਿਸਟਮ ਰਾਹੀਂ ਜਨਰੇਟ ਕੀਤਾ ਜਾਏਗਾ) |
| ਮੋਬਾਈਲ ਨੰਬਰ |
| ਆਧਾਰ ਨੰਬਰ |
| ਆਯੂ |
| ਲਿੰਗ |
| ਕੀ ਪ੍ਰਵਾਸੀ ਮਜ਼ਦੂਰ, ਵਿਧਿਆਰਥੀ, ਸੈਲਾਨੀ, ਸ਼ਰਧਾਲੂ ਆਦਿ ਹਨ। |
| ਮੌਜੂਦਾ ਪਤਾ |
| ਮੂਲ ਰਾਜ |
| ਮੂਲ ਜ਼ਿਲ੍ਹਾ |
| ਰਿਹਾਇਸ਼ੀ/ ਪੱਕਾ ਪਤਾ |
| ਪਹੁੰਚ ਰਾਜ |
| ਪਹੁੰਚ ਜ਼ਿਲ੍ਹਾ |
| ਰਸਤੇ ਵਿਚ ਆਉਣ ਵਾਲੇ ਰਾਜ (ਬੱਸ ਰਾਹੀਂ ਸਫ਼ਰ ਦੇ ਮਾਮਲੇ ਵਿਚ) |
| ਆਵਾਜਾਈ ਦਾ ਸਾਧਨ |
| ਬੱਸ/ਰੇਲ ਗੱਡੀ ਨੰ. |
| ਸਫ਼ਰ ਦੀ ਮਿਤੀ |
| ਰੇਲ ਗੱਡੀ ਦੇ ਮਾਮਲੇ ਵਿਚ ਡੱਬਾ ਨੰ. |
| ਪਹੁੰਚ ਸਥਾਨ 'ਤੇ ਪਹੁੰਚਣ ਦੀ ਅਨੁਮਾਨਿਤ ਮਿਤੀ ਅਤੇ ਸਮਾਂ |

ਨੋਟ:

ਬੱਸ ਰਾਹੀਂ ਯਾਤਰਾ ਲਈ, ਮੂਲ ਰਾਜ ਦੁਆਰਾ ਅੰਕੜੇ ਲਾਲ ਰੰਗ ਵਿਚ ਦਿੱਤੇ ਜਾਣ

ਰੇਲ ਯਾਤਰਾ ਲਈ, ਰੇਲਵੇ ਦੁਆਰਾ ਅੰਕੜੇ ਲਾਲ ਰੰਗ ਵਿਚ ਦਿੱਤੇ ਜਾਣ